## ਲਿਪੀ ਤੇ ਗੁਰਮੁਖੀ ਲਿਪੀ

ਪ੍ਰਸ਼ਨ 1:- ਲਿਪੀ ਕਿਸਨੂੰ ਕਹਿੰਦੇ ਹਨ?

ਉੱਤਰ:- ਭਾਸ਼ਾ ਦੀਆਂ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਕੁਝ ਚਿੰਨ੍ਹ ਵਰਤੇ ਜਾਂਦੇ ਹਨ। ਇਨ੍ਹਾਂ ਚਿੰਨ੍ਹਾਂ ਦੇ ਸਮੂਹ ਨੂੰ ਲਿਪੀ ਕਿਹਾ ਜਾਂਦਾ ਹੈ।

ਪ੍ਰਸ਼ਨ 2:- ਬੋਲੀ ਤੇ ਲਿਪੀ ਦਾ ਕੀ ਸੰਬੰਧ ਹੈ?

ਉੱਤਰ:- ਲਿਪੀ ਬੋਲੀ ਦਾ ਪਹਿਰਾਵਾ ਹੁੰਦੀ ਹੈ।ਇਹ ਬੋਲੀ ਨੂੰ ਲਿਖਤੀ ਰੂਪ ਵਿੱਚ ਪੇਸ਼ ਕਰਕੇ ਉਸਨੂੰ ਸਾਕਾਰ ਰੂਪ ਪ੍ਰਦਾਨ ਕਰਦੀ ਹੈ।

ਪ੍ਰਸ਼ਨ 3: - ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਢੁੱਕਵੀਂ ਹੈ ਤੇ ਕਿਉਂ?

ਉੱਤਰ:-ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ।ਇਹ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਪੂਰੀ ਤਰ੍ਹਾਂ ਢੁੱਕਵੀਂ ਹੈ ਕਿਉਂਕਿ ਦੇਵਨਾਗਰੀ,ਫ਼ਾਰਸੀ ਤੇ ਅੰਗਰੇਜ਼ੀ ਆਦਿ ਲਿਪੀਆਂ ਇਸਦੀਆਂ ਧੁਨੀਆਂ ਨੂੰ ਪੂਰੀ ਤਰ੍ਹਾਂ ਤੇ ਠੀਕ ਤਰ੍ਹਾਂ ਪ੍ਰਗਟ ਨਹੀਂ ਕਰ ਸਕਦੀਆਂ।

ਪ੍ਰਸ਼ਨ 4:-ਵਰਨ ਜਾਂ ਅੱਖਰ ਕਿਸਨੂੰ ਕਹਿੰਦੇ ਹਨ?

ਉੱਤਰ:-ਮਨੱਖ ਜਦੋਂ ਬੋਲਦਾ ਹੈ ਤਾਂ ਉਸਦੇ ਮੂੰਹੋਂ ਭਿੰਨ-ਭਿੰਨ ਪ੍ਰਕਾਰ ਧੁਨੀਆਂ ਨਿਕਲਦੀਆਂ ਹਨ। ਇਨ੍ਹਾਂ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਪ੍ਰਗਟ ਕਰਨ ਲਈ ਜੋ ਚਿੰਨ੍ਹ ਮਿੱਥੇ ਗਏ ਹਨ,ਉਨ੍ਹਾਂ ਨੂੰ ਵਰਨ ਜਾਂ ਅੱਖਰ ਕਿਹਾ ਜਾਂਦਾ ਹੈ ,ਜਿਵੇਂ:- ਹ,ਙ,ਖ,ਨ,ਲ ਆਦਿ।

ਪ੍ਰਸ਼ਨ5:- ਵਰਨਮਲਾ ਕੀ ਹੁੰਦੀ ਹੈ?

ਉੱਤਰ: ਵਿਸ਼ੇਸ਼ ਤਰਤੀਬ ਵਿੱਚ ਲਿਖੇ ਕਿਸੇ ਲਿਪੀ ਦੇ ਸਾਰੇ ਅੱਖਰਾਂ ਨੂੰ ਵਰਣਮਾਲਾ ਕਿਹਾ ਜਾਂਦਾ ਹੈ।

ਪ੍ਰਸ਼ਨ6:- ਪੰਜਾਬੀ ਭਾਸ਼ਾ ਦੇ ਕਿੰਨੇ ਅੱਖਰ ਜਾਂ ਵਰਨ ਹਨ?

ਉੱਤਰ:- ਪੰਜਾਬੀ ਭਾਸ਼ਾ ਦੀ ਢੁੱਕਵੀਂ ਲਿਪੀ ਗੁਰਮੁਖੀ ਹੈ।ਇਸਦੇ ਪੁਰਾਣੇ ਅੱਖਰ 35 ਹਨ। ਫ਼ਾਰਸੀ ਭਾਸ਼ਾ ਦੀਆਂ ਪੰਜ ਧੁਨੀਆਂ ਲਈ ਪੈਰ ਬਿੰਦੀ ਵਾਲੇ ਅੱਖਰ ਸ਼,ਖ਼,ਗ਼,ਜ਼,ਫ਼ ਅਤੇ ਨਵੇਂ ਅੱਖਰ ਲ਼ ਦੇ ਸ਼ਾਮਿਲ ਹੋਣ ਨਾਲ ਇਨ੍ਹਾਂ ਦੀ ਗਿਣਤੀ 41 ਹੋ ਗਈ ਹੈ।

ਪ੍ਰਸ਼ਨ7:- ਪੰਜਾਬੀ ਭਾਸ਼ਾ ਦੀ ਨਵੀਨ ਟੋਲੀ ਬਾਰੇ ਦੱਸੋ।

ਉੱਤਰ:-ਉਰਦੂ ਫ਼ਾਰਸੀ ਵਿੱਚੋਂ ਆਏ ਸ਼ਬਦਾਂ ਦੀਆਂ ਧੁਨੀਆਂ ਨੂੰ ਪ੍ਰਗਟ ਕਰਨ ਲਈ ਗੁਰਮੁਖੀ ਦੇ ਪ੍ਰਚਲਿਤ ਅੱਖਰਾਂ ਦੇ ਪੈਰ ਵਿੱਚ ਬਿੰਦੀ ਪਾ ਕੇ ਨਵੇਂ ਅੱਖਰ ਬਣਾਏ ਗਏ ਹਨ। ਇਨ੍ਹਾਂ ਨੂੰ ਪੰਜਾਬੀ ਵਰਣਮਾਲਾ ਦੀ ਨਵੀਨ ਟੋਲੀ ਕਿਹਾ ਜਾਂਦਾ ਹੈ। ਇਹ ਅੱਖਰ ਹੇਠ ਲਿਖੇ ਹਨ-

**ਸ਼,ਖ਼,ਗ਼,ਜ਼,ਫ਼**

ਇਨ੍ਹਾਂ ਤੋਂ ਇਲਾਵਾ ਪੰਜਾਬੀ ਦੀ ਇੱਕ ਉਲਟ ਜੀਭੀ ਧੁਨੀ ਨੂੰ ਪ੍ਰਗਟ ਕਰਨ ਲਈ 'ਲ' ਅੱਖਰ ਦੇ ਪੈਰ ਬਿੰਦੀ ਪਾ ਕੇ **'ਲ਼'** ਧੁਨੀ ਬਣਾਈ ਗਈ ਹੈ।

ਪ੍ਰਸ਼ਨ8:- ਗੁਰਮੁਖੀ ਲਿਪੀ ਦੇ ਹੋਰ ਕਿਹੜੇ ਨਾਂ ਪ੍ਰਸਿੱਧ ਹਨ?

ਉੱਤਰ:-ਗੁਰਮੁਖੀ ਲਿਪੀ ਦੇ ਪੈਂਤੀ,ਪੈਂਤੀ ਅੱਖਰੀ ਨਾਮ ਪ੍ਰਸਿੱਧ ਹਨ।

ਪ੍ਰਸ਼ਨ9:- ਲਗਾਂ-ਮਾਤਰਾ ਕੀ ਹੁੰਦੀਆਂ ਹਨ?

ਉੱਤਰ:-ਲਗਾਂ ਮਾਤਰਾ ਸਵਰਾਂ ਦੇ ਚਿੰਨ੍ਹ ਹੁੰਦੇ ਹਨ।ਪੰਜਾਬੀ ਵਿੱਚ ਤਿੰਨ ਸਵਰ ਅੱਖਰ ੳ,ਅ,ੲ ਹਨ ਪਰ ਵਰਤੋਂ ਵਿੱਚ ਇਨ੍ਹਾਂ ਦੀ ਗਿਣਤੀ ਦਸ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ-

ਅ,ਆ,ਇ,ਈ,ਉ,ਊ,ਏ,ਐ,ਓ,ਔ।

ਬੋਲੀ ਨੂੰ ਲਿਖਣ ਲਈ ਵਿਅੰਜਨਾਂ ਨਾਲ ਇਨ੍ਹਾਂ ਸਵਰਾਂ ਦੇ ਕੇਵਲ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਚਿੰਨ੍ਹਾਂ ਨੂੰ ਲਗਾਂ-ਮਾਤਰਾ ਕਿਹਾ ਜਾਂਦਾ ਹੈ।ਮੁਕਤਾ (ਅ) ਦਾ ਕੋਈ। ਚਿੰਨ੍ਹ ਨਹੀਂ ਹੁੰਦਾ।ਇਹਨਾਂ ਦਸ ਲਗਾਂ ਦੇ ਨਾਮ ਤੇ ਚਿੰਨ੍ਹ ਹੇਠ ਲਿਖੇ ਅਨੁਸਾਰ ਹਨ-

ਲਗਾਂ *(Vowels)*

ਕੁੱਲ ਲਗਾਂ ਦਸ ਹਨ/ *Total 10 Vowels*

| | |
|---|---|
| ਮੁਕਤਾ | |
| ਕੰਨਾ | ਾ |
| ਸਿਹਾਰੀ | ਿ |
| ਬਿਹਾਰੀ | ੀ |
| ਔਂਕੜ | ੁ |
| ਦੁਲੈਂਕੜ | ੂ |
| ਲਾਂ | ੇ |
| ਦੁਲਾਂ | ੈ |
| ਹੋੜਾ | ੋ |
| ਕਨੌੜਾ | ੌ |

ਪ੍ਰਸ਼ਨ10:-ਮੁਕਤਾ ਕੀ ਹੈ?

ਉੱਤਰ:-ਮੁਕਤਾ ਇੱਕ ਹ੍ਰਸਵ ਲਗ ਹੈ,ਜਿਸਦਾ ਕੋਈ ਚਿੰਨ੍ਹ ਨਹੀਂ ਹੁੰਦਾ।ਇਸਦੀ ਅਵਾਜ਼ 'ਅ' ਦੇ ਬਰਾਬਰ ਹੁੰਦੀ ਹੈ, ਜਿਵੇਂ- ਘੜਾ=ਘ+ਅ+ੜ+ਆ।

ਪ੍ਰਸ਼ਨ11:-ਪੰਜਾਬੀ ਦੇ ਵਿਅੰਜਨਾਂ ਅਤੇ ਸਵਰਾਂ ਨਾਲ ਕਿਹੜੀਆਂ ਲਗਾਂ ਦੀ ਵਰਤੋਂ ਹੁੰਦੀ ਹੈ?

ਉੱਤਰ:-ਪੰਜਾਬੀ ਦੇ ਸਾਰੇ ਵਿਅੰਜਨਾਂ ਨਾਲ ਸਾਰੀਆਂ ਲਗਾਂ ਲੱਗਦੀਆਂ ਹਨ,ਪਰ ਸਵਰਾਂ ਨਾਲ ਸਾਰੀਆਂ ਨਹੀਂ ਲੱਗਦੀਆਂ। ੳ,ਅ,ੲ ਨਾਲ ਲਗਾਂ ਇਸ ਪ੍ਰਕਾਰ ਲੱਗਦੀਆਂ ਹਨ:-

- ਅ ਨਾਲ ਮੁਕਤਾ, ਕੰਨਾ,ਦੁਲਾਵਾਂ,ਤੇ ਕਨੈੜਾ
- ੲ ਨਾਲ ਸਿਹਾਰੀ,ਬਿਹਾਰੀ ਤੇ ਲਾਂ

- ਓ ਨਾਲ ਔਂਕੜ,ਦੁਲੈਂਕੜ ਤੇ ਹੋੜਾ




ਪ੍ਰਸ਼ਨ:-ਉਹ ਕਿਹੜਾ ਅੱਖਰ ਹੈ ਜਿਸ ਨਾਲ ਹੋੜਾ ਲਾਉਣ ਨਾਲ ਉਸਦਾ ਮੂੰਹ ਖੁੱਲ੍ਹਾ ਕਰ ਦਿੱਤਾ ਜਾਂਦਾ ਹੈ?

ਉੱਤਰ:-ੳ ਅਜਿਹਾ ਅੱਖਰ ਹੈ ਜਿਸ ਨਾਲ ਹੋੜਾ ਲਾਉਣ ਸਮੇਂ ਉਸਦਾ ਮੂੰਹ ਖੁੱਲ੍ਹਾ ਰੱਖਿਆ ਜਾਂਦਾ ਹੈ-ਓ।

ਤਿਆਰ ਕਰਤਾ-

ਕੁਲਦੀਪ ਕੌਰ,

ਪੰਜਾਬੀ ਅਧਿਆਪਕਾ,

ਸਹਸ ਚੋਗਾਵਾਂ,

ਅੰਮ੍ਰਿਤਸਰ।